# Punjabi

## ਫੂਡਸੇਫ (ਭੋਜਨ ਸੁਰੱਖਿਆ) ਪ੍ਰਾਂਤਕ ਸਰਟੀਫੀਕੇਟ ਕੋਰਸ ਪੰਜਾਬੀ ਵਿਚ
**(The FoodSafe Provincial Certificate Course in Punjabi)**

ਅਲਬਰਟਾ ਸਿਹਤ ਸੇਵਾਵਾਂ (Alberta Health Services) ਦਾ ਵਾਤਾਵਰਣਕ ਸਿਹਤ ਦਾ ਪ੍ਰੋਗ੍ਰਾਮ (Environmental Health program) ਭੋਜਨ ਕਾਰੋਬਾਰ ਦੇ ਪ੍ਰਬੰਧਕਾਂ ਅਤੇ ਸੁਪਰਵਾਈਜ਼ਰਾਂ ਨੂੰ ਪੜ੍ਹਾਈ ਦੇ ਕੋਰਸਾਂ ਦੀ ਪੇਸ਼ਕਸ਼ ਕਰਦਾ ਹੈ। ਸਾਡਾ ਫੂਡਸੇਫ ਦਾ ਕੋਰਸ ਇਕ ਪ੍ਰਾਂਤਕ ਸਰਟੀਫੀਕੇਟ ਵਾਲਾ ਕੋਰਸ ਹੈ ਜਿਸਨੂੰ ਕਰਨ ਲਈ ਤੁਹਾਡੇ ਸਿਹਤ ਇੰਸਪੈਕਟਰ ਦੁਆਰਾ ਕਿਹਾ ਜਾ ਸਕਦਾ ਹੈ।

ਇਹ ਜ਼ਰੂਰਤ ਭੋਜਨ ਨਿਯਾਮਕ (Food Regulation) ਵੱਲੋਂ ਹੈ ਜੋ ਕਹਿੰਦਾ ਹੈ ਕਿ ਜੇ ਤੁਹਾਡੇ ਕੋਲ ਸੇਵਾ ਕਰਨ ਵਾਲੇ ਅਮਲੇ ਸਮੇਤ ਛੇ ਜਾਂ ਅਧਿਕ ਭੋਜਨ ਦੀ ਸੰਭਾਲ ਕਰਨ ਵਾਲੇ ਹਨ, ਤਾਂ ਤੁਹਾਡੇ ਕੋਲ ਕੰਮ ਕਾਰ ਦੇ ਸਾਰਿਆਂ ਘੰਟਿਆਂ ਵਿਚ ਘੱਟੋ ਘੱਟ ਇਕ ਕਰਮਚਾਰੀ ਜ਼ਰੂਰ ਹੋਣਾ ਚਾਹੀਦਾ ਹੈ ਜਿਸਨੇ ਪ੍ਰਾਂਤਕ ਸਰਟੀਫੀਕੇਟ ਪ੍ਰਾਪਤ ਕੀਤਾ ਹੋਏ। ਇਸਦਾ ਮਤਲਬ ਹੈ ਕਿ ਇਹ ਪੱਕਾ ਕਰਨ ਲਈ ਇਕ ਕਰਮਚਾਰੀ ਮੌਜੂਦ ਰਹਿੰਦਾ ਹੈ ਤੁਹਾਨੂੰ ਦੋ ਜਾਂ ਅਧਿਕ ਕਰਮਚਾਰੀਆਂ ਦੀ ਜ਼ਰੂਰਤ ਹੋ ਸਕਦੀ ਹੈ। ਪੰਜ ਜਾਂ ਘੱਟ ਗਿਣਤੀ ਦੇ ਭੋਜਨ ਸੰਭਾਲਕਰਤਾਵਾਂ ਵਾਲੇ ਰੈਸਟੋਰੈਂਟਾਂ ਵਿਚ ਪ੍ਰਾਂਤਕ ਸਰਟੀਫੀਕੇਟ ਦੇ ਨਾਲ ਇਕ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ।

ਅੰਗਰੇਜ਼ੀ ਦੇ ਕੋਰਸ ਮਹੀਨੇਵਾਰ ਪੇਸ਼ ਕੀਤੇ ਜਾਂਦੇ ਹਨ। ਪੰਜਾਬੀ ਦਾ ਕੋਈ ਵੀ ਕੋਰਸ ਪੇਸ਼ ਨਹੀਂ ਕੀਤਾ ਜਾਂਦਾ ਹੈ।

ਤੁਹਾਡੇ ਅੰਗਰੇਜ਼ੀ ਨਾਲ ਆਸਾਨੀ ਦੇ ਪੱਧਰ ਦੇ ਅਨੁਸਾਰ ਹੇਠਾਂ ਲਿਖੇ ਵਿਕਲਪ ਉਪਲੱਬਧ ਹਨ।

1. ਜੇ ਤੁਹਾਨੂੰ ਲਿਖੀ ਅਤੇ ਬੋਲੀ ਜਾਣ ਵਾਲੀ ਅੰਗਰੇਜ਼ੀ ਦੀ ਸ਼ਾਨਦਾਰ ਜਾਣਾਕਾਰੀ ਹੈ, ਤਾਂ ਅੱਗੇ ਉਪਲੱਬਧ ਅੰਗਰੇਜ਼ੀ ਦੇ ਕੋਰਸ ਨੂੰ ਕਰ ਲਵੋ।
2. ਜੇ ਤੁਹਾਨੂੰ ਬੋਲੀ ਜਾਣ ਵਾਲੀ ਅੰਗਰੇਜ਼ੀ ਦੀ ਸ਼ਾਨਦਾਰ ਜਾਣਕਾਰੀ ਹੈ ਅਤੇ ਲਿਖਿਤ ਅੰਗਰੇਜ਼ੀ ਬਾਰੇ ਚੰਗੀ ਸਮਝ ਹੈ ਤਾਂ ਅੱਗੇ ਉਪਲੱਬਧ ਅੰਗਰੇਜ਼ੀ ਦੇ ਕੋਰਸ ਨੂੰ ਕਰ ਲਵੋ। ਕੋਰਸ ਦਾ ਸਿਖਲਾਈ ਕਰਤਾ ਤੁਹਾਨੂੰ ਪੰਜਾਬੀ ਮੈਨੂਅਲ ਦੇਵੇਗਾ, ਪਰ ਤੁਹਾਨੂੰ ਅੰਗਰੇਜ਼ੀ ਦਾ ਲਿਖਤੀ ਟੈਸਟ ਜ਼ਰੂਰ ਦੇਣਾ ਚਾਹੀਦਾ ਹੈ। ਟੈਸਟ ਦੇ ਦੌਰਾਨ ਤੁਸੀਂ ਅਨੁਵਾਦ ਦੀ ਡਿਕਸ਼ਨਰੀ ਦੀ ਵਰਤੋਂ ਕਰ ਸਕਦੇ ਹੋ। ੳ. ਜੇ ਤੁਸੀਂ ਚਾਹੁੰਦੇ ਹੋ ਕਿ ਟੈਸਟ ਤੁਹਾਨੂੰ ਅੰਗਰੇਜ਼ੀ ਵਿਚ ਬੋਲ ਦੇ ਦੱਸਿਆ ਜਾਵੇ, ਤਾਂ ਕਿਰਪਾ ਕਰਕੇ ਸਿਖਲਾਈ ਕਰਤਾ ਨੂੰ ਕੋਰਸ ਦੀ ਸ਼ੁਰੂਆਤ ਵਿਚ ਦੱਸ ਦੇਵੋ।
3. ਜੇ ਤੁਸੀਂ ਲਿਖਤ ਜਾਂ ਬੋਲੀ ਜਾਣ ਵਾਲੀ ਅੰਗਰੇਜ਼ੀ ਨੂੰ ਨਹੀਂ ਸਮਝਦੇ ਹੋ ਤਾਂ, ਦੂਜੇ ਕਰਮਚਾਰੀ ਨੂੰ ਕੋਰਸ ਵਿਚ ਭਾਗ ਲੈਣਾ ਚਾਹੀਦਾ ਹੈ।
4. ਜਦੋਂ ਤੁਸੀਂ ਫੂਡਸੇਫ ਦੇ ਵਿਚ ਰਜਿਸਟਰ ਹੁੰਦੇ ਹੋ ਤਾਂ ''Punjabi mini food safety course booklet (ਪੰਜਾਬੀ ਛੋਟੀ ਅਵਧੀ ਦੇ ਭੋਜਨ ਸੁਰੱਖਿਆ ਕੋਰਸ ਦੇ ਕਿਤਾਬਚਾ)'' ਲਈ ਕਹੋ। ਕਿਤਾਬਚੇ ਨੂੰ ਪੜ੍ਹੋ ਅਤੇ ਕੁਇਜ਼ (Quiz) ਨੂੰ ਪੂਰਾ ਕਰੋ ਤਾਂ ਕਿ ਤੁਹਾਨੂੰ ਤੁਹਾਡੇ ਦੁਆਰਾ ਫੂਡਸੇਫ ਕੋਰਸ ਨੂੰ ਕਰਨ ਤੋਂ ਪਹਿਲਾਂ ਭੋਜਨ ਦੀ ਸੁਰੱਖਿਆ ਦੀ ਮੁੱਢਲੀ ਜਾਣਕਾਰੀ ਹੋਏ।

ਫੂਡਸੇਫ ਕੋਰਸ ਲਈ ਰਜਿਸਟਰ ਹੋਣ ਲਈ ਤੁਹਾਨੂੰ ਰਜਿਸਟ੍ਰੇਸ਼ਨ ਦਾ ਫਾਰਮ ਭਰਨ ਅਤੇ $125 ਦੀ ਰਜਿਸਟ੍ਰੇਸ਼ਨ ਦੀ ਫੀਸ ਦਾ ਭੁਗਤਾਨ ਕਰਨ ਦੀ ਜ਼ਰੂਰਤ ਹੈ। ਤੁਸੀਂ ਕ੍ਰੈਡਿਟ ਕਾਰਡ ਜਾਂ ਚੈੱਕ ਰਾਹੀਂ ਵੀ ਭੁਗਤਾਨ ਕਰ ਸਕਦੇ ਹੋ। ਜੇ ਤੁਸੀਂ ਕ੍ਰੈਡਿਟ ਕਾਰਡ ਦੇ ਰਾਹੀਂ ਭੁਗਤਾਨ ਕਰਦੇ ਹੋ ਤਾਂ ਤੁਸੀਂ ਆਪਣੇ ਫਾਰਮ ਅਤੇ ਭੁਗਤਾਨ ਨੂੰ 403-943-8056 ਉੱਤੇ ਫੈਕਸ ਕਰ ਸਕਦੇ ਹੋ। ਜੇ ਤੁਸੀਂ ਚੈੱਕ ਦੇ ਰਾਹੀਂ ਭੁਗਤਾਨ ਕਰਦੇ ਹੋ ਤਾਂ ਚੈੱਕ Alberta Health Services (ਅਲਬਰਟਾ ਹੈਲਥ ਸਰਵਿਸਜ਼) ਨੂੰ ਦਿਓ ਅਤੇ ਇਸਨੂੰ ਡਾਕ ਰਾਹੀਂ Environmental Health, 10101 Southport Road SW, Calgary, AB T2W 3N2 'ਤੇ ਭੇਜ ਦਿਓ।
ਤੁਹਾਡੀ ਰਜਿਸਟ੍ਰੇਸ਼ਨ ਫਾਰਮ ਅਤੇ ਭੁਗਤਾਨ ਦੀ ਪ੍ਰਕ੍ਰਿਆ ਨੂੰ ਸਾਡੇ ਦੁਆਰਾ ਪੂਰਾ ਕਰਨ ਦੇ ਬਾਅਦ, ਤੁਸੀਂ ਤੁਹਾਡੇ ਕੋਰਸ ਦੀ ਤਾਰੀਖ ਅਤੇ ਕਲਾਸ ਦੀ ਥਾਂ ਨੂੰ ਪੱਕਾ ਕਰਦਾ ਪੱਤਰ ਡਾਕ ਰਾਹੀਂ ਪ੍ਰਾਪਤ ਕਰੋਗੇ।

ਬਹੁਤੇ ਕੋਰਸ 1509 Centre Street SW ਵਿਖੇ ਸਥਿਤ ਸੈਂਟਰ 15 ਬਿਲਡਿੰਗ ਵਿਚ, ਪੈਨੋਰੋਮਾ ਕਮਰੇ ਦੀ ਮੁੱਖ ਮੰਜ਼ਿਲ ਉੱਤੇ ਚਲਾਏ ਜਾਂਦੇ ਹਨ।

ਰਜਿਸਟ੍ਰੇਸ਼ਨ ਦਾ ਫਾਰਮ ਸਾਡੀ ਵੈਬਸਾਈਟ www.calgaryhealthregion.ca/envhealth ਉੱਤੇ, ਕੋਰਸਾਂ ਦੇ ਹੇਠਾਂ ਦੇਖੋ।

# Punjabi

## ਭੋਜਨ ਸੁਰੱਖਿਆ ਦੇ ਛੋਟੀ ਅਵਧੀ ਦੇ ਕੋਰਸ
**(Mini food safety Courses)**

ਅਸੀਂ ਢਾਈ ਘੰਟੇ ਦਾ ਛੋਟੀ ਅਵਧੀ ਦਾ ਭੋਜਨ ਸੁਰੱਖਿਆ ਦਾ ਕੋਰਸ ਅੰਗਰੇਜ਼ੀ ਵਿਚ ਹਰ ਮਹੀਨੇ ਪੇਸ਼ ਕਰਦੇ ਹਾਂ। ਇਹ ਕੋਰਸ ਪ੍ਰਾਂਤਕ ਸਰਟੀਫੀਕੇਟ ਦੇ ਲਈ ਜ਼ਰੂਰਤਾਂ ਦੀ ਪੂਰਤੀ **ਨਹੀਂ** ਕਰਦਾ ਹੈ ਅਤੇ ਇਹ ਭੋਜਨ ਦਾ ਰੱਖ ਰਖਾਵ ਕਰਨ ਵਾਲੇ ਅਮਲੇ ਨੂੰ ਕੇਵਲ ਮੁੱਢਲੀ ਭੋਜਨ ਸੁਰੱਖਿਆ ਦੇਣ ਲਈ ਟੀਚਾਬੱਧ ਹੈ।

ਅਗਲੇ ਉਪਲੱਬਧ ਅੰਗਰੇਜ਼ੀ ਦੇ ਛੋਟੀ ਅਵਧੀ ਦੇ ਭੋਜਨ ਸੁਰੱਖਿਆ ਕੋਰਸ ਲਈ ਰਜਿਸਟਰ ਹੋਣ ਲਈ ਕਿਰਪਾ ਕਰਕੇ 403-943-2290 ਡਾਇਲ ਕਰੋ।

ਜੇ ਤੁਸੀਂ ਪੰਜਾਬੀ ਪੜ੍ਹਦੇ ਹੋ, ਤਾਂ ਅਸੀਂ ਛੋਟੀ ਅਵਧੀ ਦੇ ਕੋਰਸ ਨੂੰ ਘਰ ਪੜ੍ਹਣ ਦੀ ਸਮੱਗਰੀ ਦੇ ਵੱਜੋਂ ਵੀ ਪੇਸ਼ ਕਰਦੇ ਹਾਂ। ''Punjabi mini food safety course booklet (ਪੰਜਾਬੀ ਛੋਟੀ ਅਵਧੀ ਦੇ ਭੋਜਨ ਸੁਰੱਖਿਆ ਕੋਰਸ ਦਾ ਕਿਤਾਬਚਾ)'' ਤੁਹਾਨੂੰ ਡਾਕ ਰਾਹੀਂ ਭੇਜੇ ਜਾਣ ਲਈ ਕਿਰਪਾ ਕਰਕੇ ਸਾਡੇ ਦਫ਼ਤਰ ਨੂੰ 403-943-2290 ਉੱਤੇ ਕਾਲ ਕਰੋ। ਇਕ ਵਾਰ ਤੁਹਾਡੇ ਦੁਆਰਾ ਕਿਤਾਬਚਾ ਪੜ੍ਹ ਲਏ ਜਾਣ ਦੇ ਬਾਅਦ, ਮੁੜਪੜਚੋਲ ਦੇ ਪ੍ਰਸ਼ਨਾਂ ਦੇ ਉੱਤਰ ਦਿਓ। ਫਿਰ ''Food Safety: You Make the Difference (ਭੋਜਨ ਸੁਰੱਖਿਆ: ਤੁਸੀਂ ਬਦਲਾਓ ਲਿਆ ਸਕਦੇ ਹੋ)'' ਵੀਡਿਓ ਨੂੰ ਪੰਜਾਬੀ ਵਿਚ ਇੰਟਰਨੈਟ ਉੱਤੇ ਦੇਖੋ। ਵੀਡਿਓ http://www.calgaryhealthregion.ca/publichealth/envhealth/education/videos.htm 'ਤੇ ਹੈ।

ਇਸ ਵੀਡਿਓ ਨੂੰ ਦੇਖਣ ਦੇ ਬਾਅਦ, ਅੰਤਿਮ ਟੈਸਟ, ਜੋ ਕਿ ਕਿਤਾਬਚੇ ਦੇ ਅੰਤ ਵਿਚ ਹੈ, ਨੂੰ ਪੂਰਾ ਕਰੋ। ਆਪਣੇ ਅੰਤਮ ਟੈਸਟ ਦੀ ਉੱਤਰ ਸ਼ੀਟ ਨੂੰ Environmental Health, 10101 Southport Road SW, Calgary, Alberta 'ਤੇ ਭੇਜ ਦਿਓ। ਪੋਸਟਲ ਕੋਡ T2W 3N2 ਹੈ। ਉੱਤਰ ਵਾਲੀ ਸ਼ੀਟ ਨੂੰ 403-943-8056 ਉੱਤੇ ਵੀ ਫੈਕਸ ਕੀਤਾ ਜਾ ਸਕਦਾ ਹੈ। ਇਕ ਵਾਰ ਸਾਡੇ ਦੁਆਰਾ ਟੈਸਟ ਨੂੰ ਪ੍ਰਾਪਤ ਕਰਨ ਤੇ, ਅਸੀਂ ਇਸਨੂੰ ਚਿੰਨ੍ਹਿਤ ਕਰ ਦੇਵਾਂਗੇ। ਜੇ ਤੁਸੀਂ ਟੈਸਟ ਪਾਸ ਕਰ ਲੈਂਦੇ ਹੋ ਤਾਂ ਅਸੀਂ ਤੁਹਾਨੂੰ ਇਕ ਪਰਸ ਕਾਰਡ ਡਾਕ ਰਾਹੀਂ ਭੇਜਾਂਗੇ। ਜੇ ਤੁਸੀਂ ਟੈਸਟ ਵਿਚ ਫੇਲ੍ਹ ਹੋ ਜਾਂਦੇ ਹੋ ਤਾਂ ਅਸੀਂ ਤੁਹਾਨੂੰ ਅੰਤਮ ਟੈਸਟ ਦੀ ਉੱਤਰ ਸ਼ੀਟ ਵਾਪਸ ਭੇਜ ਦੇਵਾਂਗੇ ਅਤੇ ਤੁਹਾਨੂੰ ਗਲਤ ਉੱਤਰਾਂ ਨੂੰ ਠੀਕ ਕਰਨ ਲਈ ਕਹਾਂਗੇ ਅਤੇ ਉੱਤਰਾਂ ਦੀ ਅੰਤਮ ਸ਼ੀਟ ਨੂੰ ਦੁਬਾਰਾ ਭੇਜਣ ਲਈ ਕਹਾਂਗੇ।

ਕੋਰਸ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ www.calgaryhealthregion.ca/envhealth 'ਤੇ ਜਾ ਕੇ ਦੇਖੋ। ਇਸ ਸਾਈਟ 'ਤੇ ਤੇਜ਼ੀ ਨਾਲ ਮਿਲਣ ਵਾਲੇ ਲਿੰਕਾਂ ਨੂੰ ਦੇਖੋ ਅਤੇ ਕੋਰਸਾਂ ਨੂੰ ਕਲਿੱਕ ਕਰੋ।

ਤੁਹਾਡਾ ਧੰਨਵਾਦ।